



**CHAWLA**
**INFERTILITY CLINIC & RESEARCH CENTRE**

**Chawla Nursing Home & Maternity Hospital**
9, Lajpat Nagar, Link Road, Jalandhar 144 001 (Pb)
Tel: 0181-5072323, 2224374 Fax: 0181-2236662
**www.chawlanursinghome.in**






# CHAWLA INFERTILITY CLINIC & RESEARCH CENTRE

## ਸੰਤਾਨ ਪ੍ਰਾਪਤੀ - ਸਲਾਹ ਅਤੇ ਉਪਾ

## ਆਈ ਯੂ ਆਈ IUI (Intrauterine Insemination) ਕੀ ਹੈ?

ਗਰਭ ਧਾਰਨ ਵਿੱਚ ਮੱਦਦ ਕਰਨ ਲਈ ਔਰਤ ਦੀ ਬੱਚੇਦਾਨੀ ਦੇ ਅੰਦਰ ਵੀਰਜ ਨੂੰ ਦਾਖਲ ਕਰਨ ਦੀ ਵਿਧੀ ਨੂੰ ਆਈ ਯੂ ਆਈ ਕਹਿੰਦੇ ਹਨ। ਕੁਦਰਤੀ ਤਰੀਕੇ ਤੋਂ ਇਲਾਵਾ ਗਰਭ ਧਾਰਨ ਲਈ ਸਹਾਈ ਵਿਧੀਆਂ ਵਿੱਚੋਂ ਇਹ ਸੱਭ ਤੋਂ ਪਹਿਲਾਂ ਅਤੇ ਸੱਭ ਤੋਂ ਜ਼ਿਆਦਾ ਅਪਣਾਈ ਜਾਣ ਵਾਲੀ ਤਕਨੀਕ ਹੈ।

## ਆਈ ਯੂ ਆਈ ਕੌਣ ਕਰਵਾ ਸਕਦਾ ਹੈ?

ਆਈ ਯੂ ਆਈ ਦੁਆਰਾ ਕੋਈ ਵੀ ਔਰਤ ਆਪਣੇ ਪਤੀ ਦੇ ਵੀਰਜ ਨਾਲ ਗਰਭ ਧਾਰਨ ਕਰ ਸਕਦੀ ਹੈ। ਇਸ ਵਾਸਤੇ ਇਹ ਜਰੂਰੀ ਹੈ ਕਿ ਉਸ ਦੀਆਂ ਟਿਊਬਾਂ ਬੰਦ ਜਾਂ ਖਰਾਬ ਨਾਂ ਹੋਣ, ਉਸ ਦੀ ਮਾਹਵਾਰੀ ਖਤਮ ਨਾਂ ਹੋ ਗਈ ਹੋਵੇ, ਉਸਦੇ ਅੰਡਿਆਂ ਦੀ ਮਿੱਕਦਾਰ ਅਤੇ ਵਿਸ਼ੇਸ਼ਤਾ ਵਿੱਚ ਕਮੀ ਨਾਂ ਹੋਏ ਅਤੇ ਉਸਦੇ ਪਤੀ ਨੂੰ ਬਾਂਝਪਨ ਸੰਬੰਧੀ ਸਮੱਸਿਆ ਨਾਂ ਹੋਏ। ਜਿਨ੍ਹਾਂ ਔਰਤਾਂ ਦੇ ਪਤੀ ਦੀ ਅੰਡਗ੍ਰੰਥੀ ਵਿੱਚ ਸ਼ੁਕਰਾਣੂ ਬਿਲਕੁਲ ਨਾਂ ਬਣਦੇ ਹੋਣ ਉਸ ਹਾਲਤ ਵਿੱਚ ਪਤੀ ਅਤੇ ਪਤਨੀ ਦੋਨਾਂ ਦੀ ਰਜ਼ਾਮੰਦੀ ਨਾਲ ਸਪੱਰਮ ਬੈਂਕ ਤੋਂ ਵੀਰਜ ਲੈ ਕੇ ਆਈ ਯੂ ਆਈ ਦੀ ਵਿਧੀ ਨਾਲ ਗਰਭ ਧਾਰਨ ਕੀਤਾ ਜਾ ਸਕਦਾ ਹੈ।

## ਆਈ ਯੂ ਆਈ ਲਈ ਸਮਾਂ ਕਿੰਨਾਂ ਲਗਦਾ ਹੈ ਅਤੇ ਕਿੰਨੀਂ ਦਰਦ ਹੁੰਦੀ ਹੈ?

ਇਸ ਵਿੱਧੀ ਵਿਚ ਕੋਈ ਖਾਸ ਦਰਦ ਨਹੀਂ ਹੁੰਦੀ ਅਤੇ ਬਹੁਤ ਹੀ ਘੱਟ ਸਮਾਂ ਲਗਦਾ ਹੈ।

## ਆਈ ਯੂ ਆਈ ਦੌਰਾਨ ਕੀ ਕੀਤਾ ਜਾਂਦਾ ਹੈ?

ਇਹ ਇੱਕ ਸੌਖਾ ਤੇ ਸਰਲ ਤਰੀਕਾ ਹੈ। ਇਸ ਵਿੱਚ ਅਲਟਰਾਸਾਊਂਡ ਸਕੈਨ ਦੁਆਰਾ ਅੰਡਾ ਬਣਨ ਦੀ ਪ੍ਰਕ੍ਰਿਆ ਦਾ ਪਤਾ ਲਗਾਇਆ ਜਾਂਦਾ ਹੈ। ਜਿਸ ਦਿਨ ਅੰਡਾ ਨਿਕਲਦਾ ਹੈ ਉਸ ਦਿਨ ਵੀਰਜ ਨੂੰ ਬੱਚੇਦਾਨੀ ਵਿੱਚ ਰੱਖਿਆ ਜਾਂਦਾ ਹੈ। ਜਦੋਂ ਅੰਡੇ ਟਿਊਬਾਂ ਵਿੱਚ ਪਹੁੰਚਦੇ ਹਨ ਤਾਂ ਵੀਰਜ ਨਾਲ ਮਿਲ ਜਾਂਦੇ ਹਨ। ਇਸ



ਤਰ੍ਹਾਂ ਅੰਡੇ ਤੇ ਸ਼ੁਕਰਾਣੂ ਦੇ ਮੇਲ ਨਾਲ ਗਰਭ ਧਾਰਨ ਹੋ ਜਾਂਦਾ ਹੈ ਜੋ ਬੱਚੇਦਾਨੀ ਵਿੱਚ ਆ ਕੇ ਵੱਧਦਾ ਹੈ। ਕਈ ਵਾਰ ਅੰਡਾ ਬਣਨ ਦੀ ਦਵਾਈ ਵੀ ਦਿੱਤੀ ਜਾਂਦੀ ਹੈ ਤਾਂ ਕਿ ਇਕ ਤੋਂ ਜ਼ਿਆਦਾ ਅੰਡੇ ਬਨਣ ਅਤੇ ਸਮੇਂ ਸਿਰ ਅੰਡੇ ਅੰਡੇਦਾਨੀ ਤੋਂ ਨਿਕਲ ਕੇ ਟਿਊਬਾਂ ਰਾਹੀਂ ਬੱਚੇਦਾਨੀ ਵਿੱਚ ਪਹੁੰਚਣ।

## ਆਈ ਯੂ ਆਈ ਦੁਆਰਾ ਇਲਾਜ ਕਿੰਨੇ ਚਿਰ ਦਾ ਹੁੰਦਾ ਹੈ?

ਆਮ ਤੌਰ ਤੇ ਇਸ ਇਲਾਜ ਵਿੱਚ 4 ਤੋਂ 6 ਮਹੀਨੇ ਲੱਗ ਜਾਂਦੇ ਹਨ।

## ਆਈ ਯੂ ਆਈ ਵਿੱਚ ਮੇਰੇ ਪਤੀ ਦਾ ਕੀ ਇਲਾਜ ਕੀਤਾ ਜਾਏਗਾ?

ਤੁਹਾਡੇ ਪਤੀ ਦੇ ਵੀਰਜ ਦੀ ਜਾਂਚ ਕਰਕੇ ਇਹ ਯਕੀਨ ਕੀਤਾ ਜਾਏਗਾ ਕਿ ਉਸ ਵਿਚ ਕੋਈ ਇਨਫ਼ੈਕਸ਼ਨ ਤਾਂ ਨਹੀ ਅਤੇ ਸ਼ੁਕਰਾਣੂ ਤੁਹਾਡੇ ਗਰਭ ਧਾਰਨ ਵਾਸਤੇ ਪੂਰੇ ਹਨ। ਵੀਰਜ ਨੂੰ ਇਕ ਖਾਸ ਵਿਧੀ ਨਾਲ ਸਾਫ਼ ਕੀਤਾ ਜਾਂਦਾ ਹੈ ਤਾਂ ਕਿ ਵੀਰਜ ਵਿੱਚ ਸਿਰਫ਼ ਸਿਹਤਮੰਦ ਸ਼ੁਕਰਾਣੂ ਹੀ ਬੱਚਣ। ਇਹ ਸਾਫ਼ ਕੀਤਾ ਵੀਰਜ ਹੀ ਆਈ ਯੂ ਆਈ ਦੌਰਾਨ ਬੱਚੇਦਾਨੀ ਵਿੱਚ ਦਾਖਲ ਕੀਤਾ ਜਾਂਦਾ ਹੈ। ਇਹ ਇਕ ਆਸਾਨ ਵਿਧੀ ਹੈ ਜਿਸ ਵਿੱਚ ਕੋਈ ਦਰਦ ਨਹੀਂ ਹੁੰਦੀ।

## ਜੇਕਰ ਵੀਰਜ ਵਿੱਚ ਸ਼ੁਕਰਾਣੂਆ ਦੀ ਮਿਕਦਾਰ ਘੱਟ ਹੋਵੇ ਤਾਂ ਫ਼ੇਰ?

ਉਸ ਦਸ਼ਾ ਵਿੱਚ ਤੁਹਾਡੇ ਪਤੀ ਦਾ ਦਵਾਈਆਂ ਰਾਹੀਂ ਉਪਚਾਰ ਕੀਤਾ ਜਾਏਗਾ ਜਿਸ ਨਾਲ ਸ਼ੁਕਰਾਣੂਆ ਦੀ ਮਿਕਦਾਰ ਵਿੱਚ ਵਾਧਾ ਹੋ ਸਕਦਾ ਹੈ। ਜੇਕਰ ਸ਼ੁਕਰਾਣੂਆ ਦੀ ਥੋੜੀ ਕਮੀ ਹੋਵੇ ਤਾਂ ਆਈ ਯੂ ਆਈ ਫ਼ਾਇਦੇਮੰਦ ਰਹਿੰਦੀ ਹੈ ਅਤੇ ਗਰਭ ਧਾਰਨ ਵਿੱਚ ਮਦਦ ਕਰ ਸਕਦੀ ਹੈ। ਪਰ ਜੇ ਸ਼ੁਕਰਾਣੂਆਂ ਦੀ ਮਿਕਦਾਰ ਬਹੁਤ ਜ਼ਿਆਦਾ ਘੱਟ ਹੈ ਤਾਂ ਤੁਹਾਡੇ ਡਾਕਟਰ ਤੁਹਾਨੂ ਇਲਾਜ ਦੀਆਂ ਹੋਰ ਤਕਨੀਕਾਂ ਬਾਰੇ ਮਸ਼ਵਰਾ ਦੇਣਗੇ।

## ਆਈ ਯੂ ਆਈ ਤੋਂ ਬਾਅਦ ਕੋਈ ਸਾਵਧਾਨੀ ਦੀ ਲੋੜ ਪੱਵੇਗੀ?

ਆਮ ਤੌਰ ਤੇ ਆਈ ਯੂ ਆਈ ਤੋਂ ਬਾਅਦ ਕਿਸੇ ਖਾਸ ਸਾਵਧਾਨੀ ਦੀ ਲੋੜ ਨਹੀਂ ਪੈਂਦੀ, ਫ਼ਿਰ ਵੀ ਇਨ੍ਹਾਂ ਗੱਲਾਂ ਦਾ ਖਿਆਲ ਰੱਖਿਆ ਜਾ ਸਕਦਾ ਹੈ:

- ਆਈ ਯੂ ਆਈ ਤੋਂ ਬਾਅਦ ਡਾਕਟਰ ਤੁਹਾਨੂ ਥੋੜੀ ਦੇਰ ਲੇਟਣ ਦੀ ਸਲਾਹ ਦਿੰਦੇ ਨੇ। ਉਸ ਤੋਂ ਬਾਅਦ ਤੁਸੀਂ ਤੁਰਨਾ ਫ਼ਿਰਨਾ ਅਤੇ ਰੋਜ਼ ਦੇ ਕੰਮ ਕਾਜ ਕਰ ਸਕਦੇ ਹੋ। ਜੇਕਰ ਤੁਸੀਂ ਨੌਕਰੀ ਕਰਦੇ ਹੋ ਤਾਂ ਛੁੱਟੀ ਲੈਣ ਦੀ ਲੋੜ ਨਹੀਂ ਪੈਂਦੀ।
- ਆਈ ਯੂ ਆਈ ਤੋਂ ਬਾਅਦ ਸੰਭੋਗ ਕਰਨ ਵਿੱਚ ਕੋਈ ਬੰਦਿਸ਼ ਨਹੀਂ ਹੈ।
- ਜੇਕਰ ਆਈ ਯੂ ਆਈ ਤੋਂ ਬਾਅਦਾਂ ਤੁਹਾਨੂੰ ਕੋਈ ਦਰਦ ਹੋਏ ਜਾਂ ਅਕੜਾਅ ਪਵੇ ਤਾਂ ਤੁਸੀਂ ਡਾਕਟਰੀ ਸਲਾਹ ਨਾਲ ਦਰਦ ਦੂਰ ਕਰਨ ਲਈ ਦਵਾਈ ਲੈ ਸਕਦੇ ਹੋ। ਆਮ ਤੌਰ ਤੇ ਇਸ ਦੀ ਲੋੜ ਨਹੀਂ ਪੈਂਦੀ।